**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ,**
**ਐਸ.ਸੀ.ਓ. ਨੰ 104-106 ਸੈਕਟਰ 34 ਏ, ਚੰਡੀਗੜ੍ਹ**

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ)
2. ਰਾਜ ਦੇ ਸਮੂਹ ਸਕੂਲ ਮੁੱਖੀ (ਵੈਬ-ਸਾਇਟ ਰਾਹੀਂ)

ਮੀਮੋ ਨੰ: ਕੋਆਰਡੀਨੇਸ਼ਨ/2012/83168
ਮਿਤੀ,ਚੰਡੀਗੜ੍ਹ: 06ਜੁਲਾਈ 2012

ਵਿਸ਼ਾ: **ਪੰਜਾਬ ਰਾਜ ਵਿੱਚ ਸਰਕਾਰੀ ਸਕੂਲਾਂ ਦੇ ਮੁੱਖੀਆਂ ਤੋਂ ਮੰਗੀ ਜਾਂਦੀ ਜਾਣਕਾਰੀ ਬਾਰੇ।**

1.0 ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਵਿੱਚ ਸਰਕਾਰੀ ਸਕੂਲਾਂ ਦੇ ਮੁੱਖੀਆਂ ਤੋਂ ਸਮੇਂ ਸਮੇਂ ਵੱਖ ਵੱਖ ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਦਫਤਰਾਂ ਵੱਲੋਂ ਜਾਣਕਾਰੀ ਮੰਗੀ ਜਾਂਦੀ ਹੈ। ਆਮ ਤੌਰ ਸਕੂਲ ਮੁੱਖੀਆਂ ਤੋਂ ਜਾਣਕਾਰੀ ਲੈਣ ਲਈ ਈ-ਮੇਲ ਦਾ ਸਹਾਰਾ ਲਿਆ ਜਾਂਦਾ ਹੈ ਪਰ ਬਹੁਤ ਵਾਰੀ ਸਕੂਲ ਮੁੱਖੀਆਂ ਨੂੰ ਇਹ ਕਿਹਾ ਜਾਂਦਾ ਹੈ ਕਿ ਈ-ਮੇਲ ਰਾਹੀਂ ਭੇਜੀ ਜਾਣਕਾਰੀ ਦੀ ਹਾਰਡ ਕਾਪੀ ਵੀ ਜ਼ਿਲ੍ਹਾ ਦਫਤਰਾਂ ਜਾਂ ਰਾਜ ਦਫਤਰਾਂ ਵਿੱਚ ਭੇਜੀ ਜਾਵੇ । ਇਸ ਤਰ੍ਹਾਂ ਜਾਣਕਾਰੀ ਦੀ ਹਾਰਡ ਕਾਪੀ ਉਪਰੋਕਤ ਦਫਤਰਾਂ ਨੂੰ ਪਹੁੰਚਾਉਣ ਸਮੇਂ ਸਕੂਲਾਂ ਦੇ ਕੰਮ ਦਾ ਕਾਫੀ ਹਰਜ਼ ਹੁੰਦਾ ਹੈ ।

2.0 ਉਕਤ ਨੂੰ ਮੁੱਖ ਰੱਖਦੇ ਹੋਏ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੁੱਖੀਆਂ ਤੋਂ ਕੇਵਲ ਉਹ ਹੀ ਜਾਣਕਾਰੀ ਮੰਗਵਾਈ ਜਾਵੇ ਜਿਸ ਦੀ ਬਹੁਤ ਜ਼ਿਆਦਾ ਜਰੂਰਤ ਹੋਵੇ ਅਤੇ ਇਹ ਜਾਣਕਾਰੀ ਕੇਵਲ ਈ-ਮੇਲ ਰਾਹੀਂ ਮੰਗਵਾਈ ਜਾਵੇ । ਇਸ ਈ-ਮੇਲ ਰਾਹੀਂ ਭੇਜੀ ਗਈ ਜਾਣਕਾਰੀ ਦੀ ਹਾਰਡ ਕਾਪੀ ਨਾ ਮੰਗਵਾਈ ਜਾਵੇ । ਪਰ ਜੇਕਰ ਕਿਸੇ ਸਕੂਲ ਵਿੱਚ ਈ-ਮੇਲ ਦੀ ਸੁਵਿਧਾ ਨਾ ਹੋਵੇ ਤਾਂ ਹੀ ਜਾਣਕਾਰੀ ਕਾਗਜ਼ੀ ਕਾਪੀ ਰਾਹੀਂ ਮੰਗਵਾਈ ਜਾ ਸਕਦੀ ਹੈ ।

3.0 ਇਥੇ ਇਹ ਵੀ ਦੇਖਿਆ ਗਿਆ ਹੈ ਕਿ ਕਈ ਵਾਰ ਜਾਣਕਾਰੀ ਲੈਣ ਲਈ ਸਕੂਲ ਮੁੱਖੀਆ ਨੂੰ ਬਹੁਤ ਹੀ ਘੱਟ ਸਮਾਂ ਦਿੱਤਾ ਜਾਂਦਾ ਹੈ ਜਿਸ ਨਾਲ ਇਹ ਜਾਣਕਾਰੀ ਤਿਆਰ ਕਰਨ ਲਈ ਕਈ ਵਾਰ ਸਕੂਲਾਂ ਦੇ ਅਧਿਆਪਕ ਆਪਣੀਆਂ ਕਲਾਸਾਂ ਛੱਡਕੇ ਜਾਣਕਾਰੀ ਤਿਆਰ ਕਰਨ ਵਿੱਚ ਲੱਗ ਜਾਂਦੇ ਹਨ । ਇਸ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ ਜਾਣਕਾਰੀ ਲੈਣ ਲਈ ਸਕੂਲਾਂ ਨੂੰ ਉਪਯੁਕਤ ਸਮਾਂ ਦਿੱਤਾ ਜਾਵੇ ਤਾਂ ਜੋ ਉਹ ਮੰਗੀ ਗਈ ਜਾਣਕਾਰੀ ਨੂੰ ਆਰਾਮ ਨਾਲ ਤਿਆਰ ਕਰਕੇ ਭੇਜ ਸਕਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ: ਉਪਰੋਕਤ ਮਿਤੀ, ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਹਦਾਇਤਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ(ਸੈ.ਸਿ)/(ਐ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ
3. ਸਮੂਹ ਮੰਡਲ ਸਿੱਖਿਆ ਅਫਸਰ ਪੰਜਾਬ
4. ਸਮੂਹ ਕੰਪਨੈਂਟ ਮੁੱਖੀ ਐਸ.ਐਸ.ਏ, ਆਰ.ਐਮ.ਐਸ.ਏ, ਪਿਕਟਸ, ਮਿਡ-ਡੇ-ਮੀਲ, ਐਜੂਸੈਟ, ਪੀ.ਈ.ਡੀ.ਬੀ, ਸ਼ਾਖਰ ਭਾਰਤ ਮਿਸ਼ਨ ਆਦਿ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ